## ਜਮਾਤ : ਅੱਠਵੀਂ

# ਅੱਖੀ ਡਿੱਠਾ ਮੈਚ

**ਸਾਡੀ ਟੀਮ ਦਾ ਮੈਚ ਖੇਡਣ ਜਾਣਾ –** ਸਾਡੇ ਜ਼ਿਲ੍ਹੇ ਵਿੱਚ ਜ਼ਿਲ੍ਹੇ ਪੱਧਰ ਦੀਆ ਖੇਡਾਂ ਚੱਲ ਰਹੀਆਂ ਸਨ। ਜਿਸ ਵਿੱਚ ਅੰਡਰ-14 ਕ੍ਰਿਕੇਟ ਦਾ ਫ਼ਾਈਨਲ ਮੈਚ ਸਾਡੇ ਸਕੂਲ (ਸਰਕਾਰੀ ਮਿਡਲ ਸਕੂਲ ਪੱਖੀ ਖੁਰਦ) ਦੀ ਟੀਮ ਅਤੇ ਗਲੋਬਲ ਪਬਲਿਕ ਸਕੂਲ, ਫ਼ਰੀਦਕੋਟ ਦੀ ਟੀਮ ਵਿਚਕਾਰ ਖੇਡਿਆ ਜਾਣਾ ਸੀ। ਜਿਸ ਨੂੰ ਵੇਖਣ ਲਈ ਸਾਡੀ ਜਮਾਤ ਮੁੱਖ ਅਧਿਆਪਕ ਤੋਂ ਆਗਿਆ ਲੈ ਕੇ ਫ਼ਰੀਦਕੋਟ ਗਈ।



**ਮੈਦਾਨ ਵਿੱਚ ਟਾਸ–** ਸਵੇਰੇ 11 ਵਜੇ ਖਿਡਾਰੀ ਖੇਡ ਦੇ ਮੈਦਾਨ ਵਿੱਚ ਆ ਗਏ। ਅੰਪਾਇਰ ਨੇ ਠੀਕ ਸਮੇਂ ’ਤੇ ਬੁਲਾ ਕੇ ਸਿੱਕਾ ਉਛਾਲ ਕੇ ਟਾਸ ਕਰਵਾਇਆ। ਟਾਸ ਸਾਡੇ ਸਕੂਲ ਦੀ ਟੀਮ ਨੇ ਜਿੱਤਿਆ ਅਤੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਵਿਰੋਧੀ ਟੀਮ ਦੇ ਕਪਤਾਨ ਨੇ ਆਪਣੀ ਫੀਲਡਿੰਗ ਲਗਾ ਲਈ।

**ਪਹਿਲੀ ਪਾਰੀ –** ਅੰਪਾਇਰ ਦੇ ਇਸ਼ਾਰੇ ਨਾਲ਼ ਖੇਡ ਆਰੰਭ ਹੋ ਗਈ। ਮੈਚ ਦੇਖਣ ਵਾਲ਼ਿਆਂ ਦੀ ਗਿਣਤੀ ਲਗਭਗ 1000 ਸੀ। ਪਹਿਲੇ 5 ਓਵਰ ਸਾਡੀ ਟੀਮ ਨੇ ਬਹੁਤ ਵਧੀਆ ਬੱਲੇਬਾਜ਼ੀ ਕੀਤੀ ਅਤੇ ਬਿਨਾਂ ਵਿਕਟ ਗਵਾਏ 40 ਰਨ ਬਣਾ ਲਏ, ਪਰ ਵਿਰੋਧੀ ਟੀਮ ਦੇ ਗੇਂਦਬਾਜ਼ਾਂ ਨੇ ਚੰਗੀ ਗੇਂਦਬਾਜ਼ੀ ਕਰਦਿਆ ਅਚਾਨਕ ਦੋ ਓਵਰਾਂ ਵਿੱਚ ਸਾਡੇ 3 ਬੱਲੇਬਾਜ਼ ਆਊਟ ਕਰ ਦਿੱਤੇ। ਉਸ ਤੋਂ ਬਾਅਦ ਕਪਤਾਨ ਨੇ ਪਾਰੀ ਸੰਭਾਲ਼ੀ ਅਤੇ ਅੰਤ ਤੱਕ ਨਾਟ-ਆਊਟ ਰਹਿੰਦਿਆਂ ਸਾਡੀ ਟੀਮ ਦਾ ਸਕੋਰ 15 ਓਵਰ ਵਿੱਚ 120 ਤੱਕ ਪਹੁੰਚਾ ਦਿੱਤਾ।



**ਦੂਜੀ ਪਾਰੀ –** ਵਿਰੋਧੀ ਟੀਮ ਕੋਲ਼ ਚੰਗੇ ਬੱਲੇਬਾਜ਼ ਸਨ। ਉਹਨਾਂ ਦੀ ਸ਼ੁਰੂਆਤ ਬਹੁਤ ਵਧੀਆ ਰਹੀ। ਉਹਨਾਂ ਨੇ ਪਹਿਲੇ 5 ਓਵਰਾਂ ਵਿੱਚ 1 ਵਿਕਟ ਗੁਆ ਕੇ 50 ਰਨ ਬਣਾਏ। ਜਦੋਂ ਮੈਚ ਸਾਡੇ ਹੱਥਾਂ ਵਿੱਚੋਂ ਖਿਸਕ ਰਿਹਾ ਸੀ ਤਾਂ ਅਚਾਨਕ ਉਹਨਾਂ ਦਾ ਸਲਾਮੀ ਬੱਲੇਬਾਜ਼ ਰਨ ਆਊਟ ਹੋ ਗਿਆ। ਦਰਸ਼ਕ ਹਰ ਚੰਗੀ ਸ਼ਾਟ ਅਤੇ ਫੀਲਡਿੰਗ ਤੇ ਤਾੜੀਆਂ ਵਜਾ ਰਹੇ ਸਨ। ਇੱਕ ਵਿਕਟ ਡਿੱਗਣ ਤੋਂ ਬਾਅਦ ਉਹਨਾਂ ਦੀ ਟੀਮ ਸੰਭਾਲ਼ ਕੇ ਖੇਡਦੀ ਹੋਈ 10 ਓਵਰਾਂ ਵਿੱਚ 2 ਵਿਕਟਾਂ ਗੁਆ ਕੇ 80 ਦੇ ਸਕੋਰ ’ਤੇ ਪਹੁੰਚ ਗਈ।

**ਮੈਚ ਜਿੱਤਣਾ –** ਮੈਚ ਹੱਥ ਵਿੱਚੋਂ ਜਾਂਦਾ ਦੇਖ ਕਪਤਾਨ ਨੇ ਤੇਜ਼ ਗੇਦਬਾਜ਼ ਨੂੰ ਓਵਰ ਕਰਨ ਲਈ ਕਿਹਾ। ਜਿਸ ਨੇ ਲਗਾਤਾਰ 3 ਗੇਂਦਾਂ ’ਤੇ 3 ਵਿਕਟਾਂ ਲੈ ਕੇ ਲਗਭਗ ਹਾਰੇ ਮੈਚ ਵਿੱਚ ਟੀਮ ਦੀ ਵਾਪਸੀ ਕਰਵਾ ਦਿੱਤੀ। ਉਸ ਤੋਂ ਬਾਅਦ ਵਿਰੋਧੀ ਟੀਮ 15 ਓਵਰਾਂ ਵਿੱਚ 8 ਵਿਕਟਾਂ ਤੇ 110 ਰਨ ਹੀ ਬਣਾ ਸਕੀ ਅਤੇ ਅਸੀਂ ਮੈਚ ਜਿੱਤ ਗਏ। ਇਹ ਮੈਚ ਜਿੱਤ ਕੇ ਅਸੀਂ ਜ਼ਿਲ੍ਹੇ ਵਿੱਚੋਂ ਪਹਿਲੇ ਨੰਬਰ ਤੇ ਰਹੇ।